ਦੋ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਲਈ 12 ਸੀਨੀਅਰ ਅਫ਼ਸਰ ਪੰਜਾਬ ਤੋਂ ਲਗਾਏ

ਪੰਜਾਬ ਤੋਂ 8 ਆਈ.ਏ.ਐਸ. ਤੇ 4 ਆਈ.ਪੀ.ਐਸ. ਅਧਿਕਾਰੀ ਤੈਨਾਤ

ਚੰਡੀਗੜ੍ਹ, 17 ਅਕਤੂਬਰ (ਜੀ.ਸੀ. ਭਾਰਦਵਾਜ): ਦੋ ਦਿਨ ਪਹਿਲਾਂ ਭਾਰਤ ਦੇ ਚੋਣ ਕਮਿਸ਼ਨ ਵਲੋਂ ਮਹਾਂਰਾਸ਼ਟਰ ਤੇ ਝਾਰਖੰਡ ਦੇ ਸੂਬਿਆਂ ਦੀਆਂ ਵਿਧਾਨ ਸਭਾਵਾਂ ਲਈ ਆਮ ਚੋਣਾਂ ਦੇ ਕੀਤੇ ਐਲਾਨ ਮਗਰੋਂ ਇਨ੍ਹਾਂ

ਇਨ੍ਹਾਂ 12 ਅਧਿਕਾਰੀਆਂ ਵਿਚ 2 ਮਹਿਲਾਵਾਂ ਬਤੌਰ ਅਬਜ਼ਰਵਰ

ਰਾਜਾਂ ਵਾਸਤੇ ਬਤੌਰ ਅਬਜ਼ਰਵਰ ਤੈਨਾਤ ਕਰਨ ਲਈ ਪੰਜਾਬ ਕੇਡਰ ਦੇ 12 ਸੀਨੀਅਰ ਅਧਿਕਾਰੀ ਲਗਾਏ ਗਏ ਹਨ।

ਇਨ੍ਹਾਂ ਵਿਚ 8 ਆਈ.ਏ.ਐਸ. ਅਤੇ 4 ਆਈ.ਪੀ.ਐਸ. ਅਫ਼ਸਰ ਸ਼ਾਮਲ ਹਨ। ਸੀਨੀਅਰ ਸਿਵਲ ਅਧਿਕਾਰੀਆਂ ਵਿਚ 2 ਮਹਿਲਾਵਾਂ ਅਮਨਦੀਪ ਕੌਰ ਤੇ ਰਿੱਤੂ ਅਗਰਵਾਲ ਦਾ ਨਾਮ ਲਿਸਟ ਕੀਤਾ ਹੈ। ਰੋਜ਼ਾਨਾ ਸਪੋਕਸਮੈਨ ਨਾਲ ਗੱਲਬਾਤ ਕਰਦੇ ਹੋਏ ਸੀਨੀਅਰ ਆਈ.ਏ.ਐਸ. ਮੁੱਖ ਚੋਣ ਅਧਿਕਾਰੀ ਸਿਬਨ.ਸੀ. ਨੇ ਦਸਿਆ ਕਿ 2004 ਬੈਂਚ ਦੇ ਯਾਨੀ 20 ਸਾਲ ਦੇ ਤਜਰਬੇ ਵਾਲੇ ਮਨਵੇਸ਼ ਸਿੱਧੂ, 2005 ਬੈਂਚ ਦੀ ਰਿੱਤੂ ਅਗਰਵਾਲ, 2008 ਦੇ ਵਿਨੇ ਬੁਬਲਾਨੀ, 2009 ਦੇ ਅਰਵਿੰਦਰ ਪਾਲ ਸੰਧੂ ਅਤੇ 2012 ਬੈਂਚ ਦੇ ਆਈ.ਏ.ਐਸ. ਭੁਪਿੰਦਰ ਸਿੰਘ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਇਸ ਲਿਸਟ ਵਿਚ ਪੰਜਾਬ ਕੇਡਰ ਦੇ 2014 ਬੈਂਚ ਦੇ ਮੋਨੀਸ਼ ਕੁਮਾਰ ਅਤੇ 2015 ਬੈਂਚ ਦੇ 2 ਅਧਿਕਾਰੀ ਅਮਨਦੀਪ ਕੌਰ ਤੇ ਉਪਕਾਰ ਸਿੰਘ ਵੀ ਇਨ੍ਹਾਂ 2 ਸੂਬਿਆਂ ਵਿਚ ਬਤੌਰ ਅਬਜ਼ਰਵਰ ਲਗਾਏ ਗਏ ਹਨ।

ਮੁੱਖ ਚੋਣ ਅਧਿਕਾਰੀ ਨੇ ਦਸਿਆ ਕਿ ਆਈ.ਏ.ਐਸ. ਅਫ਼ਸਰਾਂ ਨੂੰ ਜਨਰਲ ਅਬਜ਼ਰਵਰ ਅਤੇ ਆਈ.ਪੀ.ਐਸ ਅਧਿਕਾਰੀਆਂ ਨੂੰ ਵਖੋ ਵੱਖ ਵਿਧਾਨ ਸਭਾ ਹਲਕਿਆਂ ਵਿਚ ਬਤੌਰ ਪੁਲਿਸ ਅਬਜ਼ਰਵਰ ਤੈਨਾਤ ਕੀਤਾ ਗਿਆ ਹੈ। ਪੰਜਾਬ ਤੋਂ ਇਹ 12 ਸੀਨੀਅਰ ਅਧਿਕਾਰੀ ਇਨ੍ਹਾਂ 2 ਸੂਬਿਆਂ ਵਿਚ ਉਮੀਦਵਾਰਾਂ ਵਲੋਂ ਨਾਮਜ਼ਦਗੀ ਕਾਗ਼ਜ਼ ਪਰਨ ਦੇ ਆਖ਼ਰੀ ਦਿਨ ਤਕ ਉਥੇ ਪਹੁੰਚ ਜਾਦਗੇ ਅਤੇ 23 ਨਵੰਬਰ ਨੂੰ ਵੋਟਾਂ ਦੀ ਗਿਣਤੀ ਮਗਰੋਂ ਸਾਰੀ ਰੀਪੋਰਟ ਦੇਣ ਉਪਰੰਤ ਵਾਪਸ ਪੰਜਾਬ ਵਿਚ ਪਰਤਣਗੇ। ਸੀਨੀਅਰ ਆਈ.ਪੀ.ਐਸ. ਅਧਿਕਾਰੀਆਂ ਜਿਨ੍ਹਾਂ ਵਿਚ ਪੁਲਿਸ ਸੁਰੱਖਿਆ ਅਬਜ਼ਰਵਰ ਲਗਾਇਆ ਹੈ, ਦੀ ਲਿਸਟ ਵਿਚ 2004 ਕੇਡਰ ਦੇ ਬਲਜੋਤ ਸਿੰਘ ਰਾਠੌਰ, 2008 ਪੰਜਾਬ ਕੇਡਰ ਬੈਂਚ ਦੇ 2 ਪੁਲਿਸ ਅਧਿਕਾਰੀ ਗੁਰਮੀਤ ਸਿੰਘ ਚੌਹਾਨ ਤੇ ਰਾਜਪਾਲ ਸਿੰਘ ਸ਼ਾਮਲ ਹਨ। ਇਕ ਹੋਰ ਸੀਨੀਅਰ ਪੁਲਿਸ ਅਫ਼ਸਰ ਪੰਜਾਬ ਕੇਡਰ 2011 ਬੈਂਚ ਦਾ ਨਵੀਨ ਸੈਣੀ ਵੀ ਹੈ।

ਸਿਬਨ.ਸੀ.ਨੇ ਦਸਿਆ ਕਿ ਇਨ੍ਹਾਂ ਸੀਨੀਅਰ ਸਿਵਲ ਤੇ ਪੁਲਿਸ ਅਧਿਕਾਰੀਆਂ ਨੂੰ ਡਿਊਟੀ ਦੌਰਾਨ ਤਨਖ਼ਾਹ ਸਕੇਲ ਮੁਤਾਬਕ ਭੱਤੇ ਆਉਣ ਜਾਣ ਦਾ ਹਵਾਈ ਜਹਾਜ਼ ਦਾ ਖ਼ਰਚਾ ਆਦਿ ਤੋਂ ਇਲਾਵਾ ਯਕਮੁਸ਼ਤ, ਯਾਨੀ ਇਕੱਠੀ ਰਕਮ 50,000 ਤੋਂ ਇਕ ਲੱਖ ਤਕ ਦੀ ਮਿਲਦੀ ਹੈ।

ਪੰਜਾਬ ਦੀਆਂ ਮੰਡੀਆਂ 'ਚ ਝੋਨੇ ਦੀ ਬੰਪਰ ਆਮਦ ਸ਼ੁਰੂ : ਬਰਸਟ

ਮੋਹਾਲੀ/ਚੰਡੀਗੜ੍ਹ, 17 ਅਕਤੂਬਰ (ਧੜਾਕ) : ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ

ਕਿਹਾ, ਕੇਂਦਰ ਸਰਕਾਰ ਸਮੇਂ ਸਿਰ ਚੌਲ ਤੇ ਕਣਕ ਦਾ ਭੰਡਾਰ ਜਲਦੀ ਚੁੱਕ ਕੇ ਗੋਦਾਮ ਖ਼ਾਲੀ ਕਰੇ

ਦਸਿਆ ਕਿ ਅੱਜ ਪੂਰੇ ਪੰਜਾਬ ਦੇ ਵਿਚ ਝੋਨੇ ਦੀ ਬੰਪਰ ਫ਼ਸਲ ਮੰਡੀਆਂ ਵਿਚ ਆਉਣੀ ਸ਼ੁਰੂ ਹੋ ਗਈ ਹੈ। ਭਾਵੇਂ ਇਸ ਵਾਰ ਪਿਛਲੇ ਸੀਜਨ ਨਾਲੋਂ ਫ਼ਸਲ 10-12 ਦਿਨ ਲੇਟ ਹੈ, ਪਰ ਹੁਣ ਮੰਡੀਆਂ ਵਿਚ ਭਾਰੀ ਮਾਤਰਾ ਵਿਚ ਫ਼ਸਲ ਆ ਰਹੀ ਹੈ।

ਉਨ੍ਹਾਂ ਸਾਰੇ ਆੜ੍ਹਤੀਆਂ, ਮੰਡੀਆਂ ਨਾਲ ਸਬੰਧਤ ਏਜੰਸੀਆਂ ਖਾਸ ਤੌਰ ਤੇ ਐਫ਼.ਸੀ.ਆਈ., ਪਨਗਰੇਨ, ਪਨਸਪ ਸਮੇਤ ਸਾਰੀਆਂ ਨੂੰ ਅਪੀਲ ਕੀਤੀ ਹੈ ਕਿ ਕਿਸਾਨਾਂ ਨੇ ਪਿਛਲੇ ਪੰਜ ਮਹੀਨੇ ਤੋਂ ਬਹੁਤ ਮਿਹਨਤ ਕਰਕੇ ਅਪਣੀ ਫ਼ਸਲ ਨੂੰ ਪੁੱਤਾ ਵਾਂਗ ਪਾਲਿਆ ਤੇ ਇਸ ਦੀ ਖ਼ਰੀਦ ਵਿਚ ਕਿਸੇ ਵੀ ਕਿਸਾਨ ਨੂੰ ਕੋਈ ਸਮੱਸਿਆ ਨਾ ਆਵੇ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਵਲੋਂ ਪੰਜਾਬ ਨਾਲ ਕੀਤੇ ਵਿਤਕਰੇ ਕਾਰਨ ਹੀ ਅੱਜ ਪੰਜਾਬ ਦੇ ਸ਼ੈਲਰਾਂ ਵਿਚ ਤਕਰੀਬਨ 20 ਹਜ਼ਾਰ ਮੀਟ੍ਰਕ ਟਨ ਚੌਲ ਸਟੋਰ ਦੇ ਵਿਚ ਪਿਆ ਹੈ। ਇਸੇ ਤਰ੍ਹਾਂ ਪੰਜਾਬ ਦੇ ਗੁਦਾਮਾਂ ਵਿਚ ਭਾਵੇਂ ਉਹ ਗੁਦਾਮ ਐਫ਼.ਸੀ.ਆਈ., ਵੇਅਰਹਾਊਸ ਜਾਂ ਕੋਈ ਹੋਰ ਗੁਦਾਮ ਹਨ, ਉਨ੍ਹਾਂ ਵਿਚ ਤਕਰੀਬਨ 150 ਲੱਖ ਮੀਟ੍ਰਕ ਟਨ ਚੌਲ ਤੇ ਕਣਕ ਦਾ ਭੰਡਾਰ ਪਿਆ ਹੈ। ਇਹ ਸਾਰਾ ਭੰਡਾਰ ਭਾਵੇਂ ਸ਼ੈਲਰਾਂ ਦਾ ਹੋਵੇ ਜਾਂ ਗੁਦਾਮਾਂ ਦਾ, ਇਹ ਸਾਰਾ ਐਫ਼.ਸੀ.ਆਈ. ਦਾ ਭੰਡਾਰ ਹੈ, ਕੇਂਦਰ ਸਰਕਾਰ ਦਾ ਭੰਡਾਰ ਹੈ ਤੇ ਕੇਂਦਰ ਸਰਕਾਰ ਦੀ ਜ਼ਿੰਮੇਵਾਰੀ ਸੀ ਕਿ ਇਸ ਭੰਡਾਰ ਨੂੰ ਸਮੇਂ ਸਿਰ ਚੁਕਦੇ ਪਰ ਕੇਂਦਰ ਵਲੋਂ ਇਸ ਨੂੰ ਨਹੀਂ ਚੁਕਿਆ ਗਿਆ। ਇਸ ਕਾਰਨ ਸ਼ੈਲਰ ਮਾਲਕਾਂ ਨੂੰ ਸਮੱਸਿਆ ਹੋ ਰਹੀ ਹੈ ਕਿ ਉਹ ਨਵੇਂ ਝੋਨੇ ਦਾ ਚਾਵਲ ਕੱਢ ਕੇ ਕਿਥੇ ਸਟੋਰ ਕਰਨਗੇ।

ਸ. ਬਰਸਟ ਨੇ ਭਰੋਸਾ ਦਵਾਉਂਦਿਆਂ ਦਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੰਮੇ ਸਮੇਂ ਤੋਂ ਇਸ ਸਬੰਧੀ ਕੇਂਦਰ ਸਰਕਾਰ ਨਾਲ ਤਾਲਮੇਲ ਕਰਦੇ ਰਹੇ ਹਨ, ਪਰੰਤੂ ਪਿਛਲੇ ਸਮੇਂ ਦੌਰਾਨ ਖ਼ਾਸ ਤੌਰ 'ਤੇ ਪ੍ਰਹਿਲਾਦ ਜੋਸ਼ੀ, ਕੇਂਦਰੀ ਖ਼ੁਰਾਕ ਸਪਲਾਈ ਮੰਤਰੀ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ, ਜਿਸ ਵਿਚ ਕੇਂਦਰੀ ਮੰਤਰੀ ਵਲੋਂ ਇਹ ਭਰੋਸਾ ਦਵਾਇਆ ਗਿਆ ਹੈ ਕਿ ਜਲਦ ਹੀ ਇਹ ਸਾਰਾ ਭੰਡਾਰ ਇੱਥੋਂ ਚੁਕਾਇਆ ਜਾਵੇਗਾ।

ਸੂਬਾ ਜਨਰਲ ਸਕੱਤਰ ਨੇ ਦੱਸਿਆ ਕਿ ਪੰਜਾਬ ਮੰਡੀ ਬੋਰਡ ਵਲੋਂ ਖ਼ਰੀਦ ਕਾਰਜਾਂ ਨੂੰ ਨੇਪਰੇ ਚਾੜ੍ਹਣ ਦੇ ਪੁਖਤਾਂ ਪ੍ਰਬੰਧ ਕੀਤੇ ਗਏ ਹਨ ਤੇ ਕਿਸਾਨਾਂ, ਆੜ੍ਹਤੀਆਂ ਤੇ ਮਜ਼ਦੂਰਾਂ ਨੂੰ ਕਿਸੇ ਵੀ ਕਿਸਮ ਕੋਈ ਸਮੱਸਿਆ ਪੇਸ਼ ਨਹੀਂ ਆਉਣ ਦਿਤੀ ਜਾਵੇਗੀ।

ਇਕ ਨਜ਼ਰ....

ਕਲਯੁੱਗੀ ਪੁੱਤ ਨੇ ਮਾਂ ਦਾ ਕੀਤਾ ਕਤਲ, ਘਰ 'ਚ ਹੀ ਦੱਬੀ ਲਾਸ਼

ਅੰਮ੍ਰਿਤਸਰ, 17 ਅਕਤੂਬਰ (ਪਪ) : ਅੰਮ੍ਰਿਤਸਰ ਦਿਹਾਤੀ ਦੇ ਥਾਣਾ ਖਲਚੀਆਂ ਅਧੀਨ ਪੈਂਦੇ ਪਿੰਡ ਵਡਾਲਾ ਖੁਰਦ ਵਿਚ ਇਕ ਕਲਯੁਗੀ ਪੁੱਤ ਵਲੋਂ ਕਥਿਤ ਤੌਰ 'ਤੇ ਅਪਣੀ ਹੀ ਬਜ਼ੁਰਗ ਮਾਂ ਦਾ ਕਤਲ ਕਰ ਦੇਣ ਦਾ ਸ਼ਰਮਨਾਕ ਮਾਮਲਾ ਸਾਹਮਣੇ ਆਇਆ ਹੈ। ਪਰਵਾਰ ਦੇ ਨਜ਼ਦੀਕੀ ਬਲਬੀਰ ਸਿੰਘ ਨੇ ਦਸਿਆ ਕਿ ਤੜਕਸਾਰ ਗਲੀ ਵਿਚ ਰੌਲਾ ਪੈ ਰਿਹਾ ਸੀ ਕਿ ਸਵਿੰਦਰ ਸਿੰਘ ਵਲੋਂ ਅਪਣੀ ਮਾਂ ਨੂੰ ਮਾਰ ਦਿਤਾ ਗਿਆ ਹੈ ਅਤੇ ਘਰ ਵਿਚ ਹੀ ਨੱਪ ਦਿਤਾ ਗਿਆ ਹੈ। ਪੁਲਿਸ ਅਧਿਕਾਰੀ ਮੌਕੇ 'ਤੇ ਪੁੱਜੇ ਤੇ ਬਜ਼ੁਰਗ ਔਰਤ ਦੀ ਲਾਸ਼ ਨੂੰ ਬਰਾਮਦ ਕਰ ਕੇ ਮੁਲਜ਼ਮ ਨੂੰ ਗ੍ਰਿਫ਼ਤਾਰ ਕੀਤਾ ਗਿਆ। ਥਾਣਾ ਖਲਚੀਆਂ ਦੇ ਮੁਖੀ ਬਿਕਰਮਜੀਤ ਸਿੰਘ ਨੇ ਦਸਿਆ ਕਿ ਪੁਲਿਸ ਨੂੰ ਸਵੇਰੇ ਰਣਜੀਤ ਕੌਰ ਪਤਨੀ ਸੁਲੱਖਣ ਸਿੰਘ ਵਾਸੀ ਵਡਾਲਾ ਬਾਂਗਰ ਨੇ ਦਸਿਆ ਕਿ ਉਹ ਅਪਣੀ ਮਾਤਾ ਨੂੰ ਮਿਲਣ ਆਏ ਸਨ। ਰਾਤ ਨੂੰ ਉਹ ਦੋਨੋਂ ਅਲੱਗ-ਅਲੱਗ ਕਮਰਿਆਂ ਵਿਚ ਸੌ ਗਏ। ਜਿਸ ਤੋਂ ਬਾਅਦ ਤੜਕੇ ਉਸ ਦੇ ਮਾਂ ਦੇ ਚੀਕਣ ਦੀ ਆਵਾਜ਼ ਆਈ ਤਾਂ ਉਸ ਨੇ ਦੇਖਿਆ ਕਿ ਉਸ ਦਾ ਭਰਾ ਸਵਿੰਦਰ ਸਿੰਘ ਉਸ ਦੀ ਮਾਂ ਨੂੰ ਮਧੋਲ ਰਿਹਾ ਸੀ। ਜਿਸ ਦੌਰਾਨ ਉਸ ਦੀ ਮਾਂ ਦੀ ਮੌਤ ਹੋ ਗਈ।

ਕੈਨੇਡਾ 'ਚ ਪੰਜਾਬੀ ਨੌਜਵਾਨ ਦੀ ਦਿਲ ਦਾ ਦੌਰਾ ਪੈਣ ਨਾਲ ਮੌਤ

ਖੰਨਾ, 17 ਅਕਤੂਬਰ (ਟੀਟੂ) : ਕੈਨੇਡਾ ਵਿਚ ਹਾਰਟ ਅਟੈਕ ਨਾਲ ਮਰਨ ਵਾਲੇ ਭਾਰਤੀਆਂ ਦੀ ਗਿਣਤੀ ਵਧ ਰਹੀ ਹੈ। ਸੋਸ਼ਲ ਮੀਡੀਆ 'ਤੇ ਕੁਝ ਲੋਕ ਇਸ ਨੂੰ ਕੋਰੋਨਾ ਟੀਕੇ ਦਾ ਪ੍ਰਭਾਵ ਦੱਸ ਰਹੇ ਹਨ ਤਾਂ ਕੁਝ ਆਪਣੇ ਤੌਰ 'ਤੇ ਹੋਰ ਕਿਆਸ ਲਾ ਰਹੇ ਹਨ। ਹੁਣ ਕੈਨੇਡਾ ਵਿਚ 31 ਸਾਲਾ ਅਭਿਨੀਤ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋਣ ਦੀ ਖ਼ਬਰ ਸਾਹਮਣੇ ਆਈ ਹੈ। ਇੰਦਰਜੀਤ ਸਿੰਘ ਲੋਟੇ ਵਾਸੀ ਜਗਤ ਕਾਲੋਨੀ ਖੰਨਾ, ਜੋ ਕਿ ਐੱਲ. ਆਈ. ਸੀ. ਦਫ਼ਤਰ ਤੋਂ ਸੇਵਾਮੁਕਤ ਹੋਏ, ਦੇ ਪੁੱਤਰ ਅਭਿਨੀਤ ਸਿੰਘ ਦੀ ਦਿਲ ਦਾ ਦੌਰਾ ਪੈਣ ਕਾਰਨ ਹੋਈ ਮੌਤ ਨਾਲ ਪੂਰਾ ਸ਼ਹਿਰ ਸਦਮੇ ਵਿਚ ਹੈ। ਅਭਿਨੀਤ 7 ਸਾਲ ਪਹਿਲਾਂ ਕੈਨੇਡਾ ਗਿਆ ਸੀ ਅਤੇ ਉਸ ਨੇ ਕੈਨੇਡਾ ਦੀ ਪੀ. ਆਰ. ਵੀ ਮਿਲ ਚੁੱਕੀ ਸੀ।

ਭਗਵਾਨ ਵਾਲਮੀਕਿ ਜੀ ਦੀਆਂ ਸਿਖਿਆਵਾਂ 'ਤੇ ਚਲਣਾ ਸਮੇਂ ਦੀ ਅਹਿਮ ਲੋੜ : ਹਰਪਾਲ ਚੀਮਾ

ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਦਿੜ੍ਹਬਾ 'ਚ ਮੱਥਾ ਟੇਕਿਆ, ਸੰਗਤਾਂ ਨੂੰ ਮੁਬਾਰਕਬਾਦ ਦਿਤੀ

ਦਿੜ੍ਹਬਾ, 17 ਅਕਤੂਬਰ (ਪਪ) : ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਦੇ ਮੌਕੇ 'ਤੇ ਪੰਜਾਬ ਦੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਦਿੜ੍ਹਬਾ ਵਿਖੇ ਭਗਵਾਨ ਵਾਲਮੀਕਿ ਮੰਦਰ ਵਿਖੇ ਨਤਮਸਤਕ ਹੋਏ ਅਤੇ ਸਮੂਹ ਸੰਗਤਾਂ ਨੂੰ ਮੁਬਾਰਕਬਾਦ ਭੇਟ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੇ ਪ੍ਰਗਟ ਦਿਵਸ ਮੌਕੇ ਸਾਰਿਆਂ ਨੂੰ ਆਪਸੀ ਭਾਈਚਾਰੇ ਨੂੰ ਹੋਰ ਮਜਬੂਤ ਕਰਨ ਦਾ ਪ੍ਰਣ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਉੱਤੇ ਚੱਲਣਾ ਸਮੇਂ ਦੀ ਅਹਿਮ ਲੋੜ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ ਸਿੱਖਿਆ ਦੇ ਅਧਿਕਾਰ ਉੱਤੇ ਜ਼ੋਰ ਦਿੱਤਾ, ਇਸ ਲਈ ਸਿੱਖਿਆ ਨੂੰ ਵੱਧ ਤੋਂ ਵੱਧ ਗ੍ਰਹਿਣ ਕਰਕੇ ਬਰਾਬਰੀ ਅਤੇ ਭਾਈਚਾਰਕ ਸਾਂਝ ਦਾ ਚਾਨਣ ਫੈਲਾਉਣ ਲਈ ਯਤਨਸ਼ੀਲ ਰਹਿਣਾ ਚਾਹੀਦਾ ਹੈ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਅੱਜ ਭਗਵਾਨ ਵਾਲਮੀਕਿ ਜੀ ਦਾ ਪ੍ਰਗਟ ਦਿਵਸ ਪੂਰੇ ਜੋਸ਼ੋ ਖਰੋਸ਼, ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ ਅਤੇ ਵਿਧਾਨ ਸਭਾ ਹਲਕਾ ਦਿੜ੍ਹਬਾ ਦੇ ਵੱਖ-ਵੱਖ ਪਿੰਡਾਂ ਵਿੱਚ ਸੰਗਤਾਂ ਪੂਰੀ ਸ਼ਰਧਾ ਤੇ ਸਤਿਕਾਰ ਨਾਲ ਪ੍ਰਗਟ ਦਿਵਸ ਨੂੰ ਮਨਾ ਰਹੀਆਂ ਹਨ। ਉਹਨਾਂ ਕਿਹਾ ਕਿ ਭਗਵਾਨ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਦੇ ਹੋਰ ਪ੍ਰਚਾਰ ਤੇ ਪ੍ਰਸਾਰ ਦੀ ਲੋੜ ਹੈ ਤਾਂ ਜੋ ਉਹਨਾਂ ਵੱਲੋਂ ਦਿੱਤਾ ਗਿਆ ਸੰਦੇਸ਼ ਘਰ-ਘਰ ਤੱਕ ਪਹੁੰਚ ਸਕੇ। ਇਸ ਮੌਕੇ ਕੈਬਨਿਟ ਮੰਤਰੀ ਨੂੰ ਸੰਗਤਾਂ ਵੱਲੋ ਵੱਖ-ਵੱਖ ਪਿੰਡਾਂ ਵਿੱਚ ਸਨਮਾਨਤ ਵੀ ਕੀਤਾ ਗਿਆ।

ਨਾਭਾ ਵਿਚ 12ਵੀਂ ਦੇ ਵਿਦਿਆਰਥੀ ਦੀ ਸੜਕ ਹਾਦਸੇ 'ਚ ਮੌਤ

ਨਾਭਾ, 17 ਅਕਤੂਬਰ (ਬਲਵੰਤ ਹਿਆਣਾ) : ਨਾਭਾ ਦੇ ਗਰਿੱਡ ਚੌਕ ਵਿਖੇ ਮੋਟਰਸਾਈਕਲ ਸਵਾਰ 12ਵੀਂ ਜਮਾਤ ਦੇ ਵਿਦਿਆਰਥੀ ਦੀ ਸੜਕ ਹਾਦਸੇ ਵਿਚ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਜਸਕਰਨ ਸਿੰਘ (18) ਵਜੋਂ ਹੋਈ ਹੈ ਜੋ ਟਿਊਸ਼ਨ ਪੜ੍ਹਨ ਲਈ ਪਿੰਡ ਪਾਲਿਆ ਤੋਂ ਅਪਣੇ ਦੋਸਤ ਨਾਲ ਨਾਭਾ ਵਲ ਆ ਰਿਹਾ ਸੀ ਤਾਂ ਅਚਾਨਕ ਸੜਕ ਹਾਦਸੇ 'ਚ ਉਸ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਕਾਰ ਨਾਲ ਟਕਰਾਉਣ ਤੋਂ ਬਾਅਦ ਮੋਟਰਸਾਈਕਲ ਪੀ.ਆਰ.ਟੀ.ਸੀ. ਦੀ ਬੱਸ ਦੇ ਹੇਠਾਂ ਜਾ ਵੜਿਆ।

ਮ੍ਰਿਤਕ ਜਸਕਰਨ ਸਿੰਘ ਪਰਵਾਰ ਦਾ ਇਕਲੌਤਾ ਹੀ ਚਿਰਾਗ਼ ਸੀ। ਬੱਸ ਦੇ ਕੰਡਕਟਰ ਨੇ ਕਿਹਾ ਕਿ ਪਹਿਲਾਂ ਮੋਟਰਸਾਈਕਲ ਗੱਡੀ 'ਚ ਟਕਰਾ ਗਿਆ, ਉਸ ਤੋਂ ਬਾਅਦ ਬੱਸ ਦੇ ਅੱਗੇ ਆ ਗਿਆ। ਬੱਸ ਦਾ ਡਰਾਈਵਰ ਦੋਵੇਂ ਨੌਜਵਾਨਾਂ ਨੂੰ ਹਸਪਤਾਲ ਲੈ ਗਿਆ। ਨਾਭਾ ਕੋਤਵਾਲੀ ਦੇ ਜਾਂਚ ਅਧਿਕਾਰੀ ਚਮਕੌਰ ਸਿੰਘ ਨੇ ਕਿਹਾ ਕਿ ਇਹ ਹਾਦਸਾ ਕਿਵੇਂ ਵਾਪਰਿਆ, ਇਸ ਦੀ ਡੂੰਘਾਈ ਨਾਲ ਜਾਂਚ ਕਰ ਰਹੇ ਹਾਂ।

ਭਾਰਤ-ਪਾਕਿ ਸਰਹੱਦ ਨੇੜੇ ਇਕ ਕਿਲੋ ਆਰ.ਡੀ.ਐਕਸ. ਹੋਈ ਬਰਾਮਦ

ਫ਼ਾਜ਼ਿਲਕਾ, 17 ਅਕਤੂਬਰ (ਸੰਧੂ) : ਬੀ.ਐਸ.ਐਫ਼. ਨੇ ਦੁਸ਼ਮਣ ਦੇਸ਼ ਬੈਠੇ ਦਹਿਸ਼ਤਗਰਦਾ ਦੀ ਦੀਆਂ ਨਾਪਾਕ ਕੋਸ਼ਿਸ਼ਾਂ ਨੂੰ ਇਕ ਵਾਰੀ ਮੁੜ ਬੇਨਕਾਬ ਕੀਤਾ। ਪ੍ਰਾਪਤ ਜਾਣਕਾਰੀ ਅਨੁਸਾਰ ਬੀਐਸਐਫ਼ ਦੇ ਅਬੋਹਰ ਸੈਕਟਰ 'ਚ ਆਉਂਦੀ 160 ਬਟਾਲੀਅਨ ਵਲੋਂ ਸਰਹੱਦ ਨੇੜੇ ਐਸਪਲੋਸਿਵ ਬਰਾਮਦ ਕੀਤਾ। ਆਰ ਡੀ ਐਕਸ ਤੋਂ ਭਰੀ ਇਸ ਖੇਪ ਵਿਚ ਬੰਬ ਦੀਆਂ ਬੈਟਰੀਆਂ ਅਤੇ

ਟਾਈਮਰ ਵੀ ਹਨ। ਬੰਬ ਜਦੋਂ ਬੀਐਸਐਫ਼ ਨੂੰ ਮਿਲਿਆ ਤਾਂ ਉਸ ਨੂੰ ਬਰਾਮਦ ਕਰਨ ਤੋਂ ਬਾਅਦ ਸਟੇਟਸ ਸਪੈਸ਼ਲ ਸੇਲ ਨੂੰ ਸੌਂਪ ਦਿਤਾ ਗਿਆ। ਇਸ ਦੀ ਜਾਣਕਾਰੀ ਬੀਐਸਐਫ਼ ਨੂੰ ਮਿਲੀ ਤਾਂ ਬੀਐਸਐਫ਼ ਨੇ ਜਦੋਂ ਇਲਾਕੇ ਦੀ ਛਾਣਬੀਣ ਕੀਤੀ ਤਾਂ ਸਰਹੱਦ ਨੇੜੇ ਆਈਡੀ (ਇਮਪ੍ਰੋਵਾਈਜ਼ਡ ਐਕਸਪਲੋਸਿਵ ਡਿਵਾਈਸ) ਬੰਬ ਬਰਾਮਦ ਹੋਇਆ, ਜੋ ਇਕ ਟੀਨ ਦੇ ਡੱਬੇ 'ਚ ਮਿਲਿਆ ਹੈ, ਜੋ ਕਿ ਲਗਪਗ ਇਕ ਕਿੱਲੋ ਆਰਡੀਐਕਸ ਨਾਲ ਭਰਿਆ ਹੈ।

ਲਾਲ ਚੰਦ ਕਟਾਰੂਚੱਕ ਨੇ ਕੀਤੀ ਭਗਵਾਨ ਵਾਲਮੀਕਿ ਸਮਾਗਮ ਵਿਚ ਸ਼ਿਰਕਤ

**ਕਿਹਾ, ਭਗਵਾਨ ਵਾਲਮੀਕਿ ਦੀਆਂ ਸਿਖਿਆਵਾਂ ਤੇ ਸਿਧਾਂਤ ਲੋਕਾਂ ਨੂੰ ਸਮਾਜ 'ਚ ਬਰਾਬਰੀ ਤੇ ਸਰਬ